# ਯੂ.ਐੱਸ.ਸੀ.ਆਈ.ਆਰ.ਐੱਫ. ਦੀ ਸਾਲਾਨਾ ਰਿਪੋਰਟ 'ਤੇ ਭਾਰਤ ਬਾਰੇ ਟਿੱਪਣੀਆਂ ਦੇ ਸਬੰਧ ਵਿੱਚ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

02 ਮਈ, 2023

ਯੂ.ਐੱਸ.ਸੀ.ਆਈ.ਆਰ.ਐੱਫ. ਦੀ ਸਾਲਾਨਾ ਰਿਪੋਰਟ ਵਿੱਚ ਭਾਰਤ ਬਾਰੇ ਟਿੱਪਣੀਆਂ ਦੇ ਸਬੰਧ ਵਿੱਚ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ, ਸਰਕਾਰੀ ਬੁਲਾਰੇ, ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

ਯੂਐਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂ.ਐੱਸ.ਸੀ.ਆਈ.ਆਰ.ਐੱਫ.) ਇਸ ਵਾਰ ਆਪਣੀ 2023 ਦੀ ਸਾਲਾਨਾ ਰਿਪੋਰਟ ਵਿੱਚ, ਭਾਰਤ ਬਾਰੇ ਪੱਖਪਾਤੀ ਅਤੇ ਪ੍ਰੇਰਿਤ ਟਿੱਪਣੀਆਂ ਨੂੰ ਦੁਬਾਰਾ ਜਾਰੀ ਕਰਦਾ ਹੈ।

ਅਸੀਂ ਤੱਥਾਂ ਦੀ ਅਜਿਹੀ ਗਲਤ ਪੇਸ਼ਕਾਰੀ ਨੂੰ ਰੱਦ ਕਰਦੇ ਹਾਂ, ਜੋ ਆਪਣੇ ਆਪ ਵਿੱਚ ਯੂ.ਐੱਸ.ਸੀ.ਆਈ.ਆਰ.ਐੱਫ. ਨੂੰ ਹੀ ਬਦਨਾਮ ਕਰਦਾ ਹੈ।

ਅਸੀਂ ਯੂ.ਐੱਸ.ਸੀ.ਆਈ.ਆਰ.ਐੱਫ. ਨੂੰ ਅਜਿਹੇ ਯਤਨਾਂ ਤੋਂ ਦੂਰ ਰਹਿਣ ਅਤੇ ਭਾਰਤ ਪ੍ਰਤੀ ਇਸਦੀ ਬਹੁਲਤਾ, ਇਸਦੀ ਜਮਹੂਰੀ ਲੋਕ-ਪ੍ਰਣਾਲੀ ਅਤੇ ਇਸ ਦੇ ਸੰਵਿਧਾਨਕ ਤੰਤਰ ਦੀ ਬਿਹਤਰ ਸਮਝ ਨੂੰ ਵਿਕਸਿਤ ਕਰਨ ਦੀ ਅਪੀਲ ਕਰਾਂਗੇ।

**ਨਵੀਂ ਦਿੱਲੀ**

**02 ਮਈ, 2023**